# ਬੱਚਿਆਂ ਲਈ ਬਾਈਬਲ
## ਉਪੱਸਥਿਤ



# ਅਯਾਲੀ ਲੜਕਾ ਦਾਊਦ


ਦੁਆਰਾ ਲਿਖਿਆ ਗਿਆ : Edward Hughes
ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Lazarus
ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque
ਦੁਆਰਾ ਬਦਲਿਆ ਗਿਆ : Ruth Klassen



ਕਹਾਣੀ 19 ਤ਼ 60

**www.M1914.org**

***Bible for Children,*** *PO Box 3, Winnipeg, MB R3C 2G1 Canada*



ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।


ਪੰਜ਼ਾਬੀ

Punjabi

ਬਹੁਤ ਦਿਨ ਪਹਿਲਾਂ, ਇਸਰਾਏਲ ਦੇ ਬਾਦਸ਼ਾਹ ਸ਼ਾਊਲ ਦੇ ਦਿਨਾਂ ਵਿੱਚ, ਇੱਕ ਦਾਊਦ ਨਾ ਦੇ ਲੜਕੇ ਨੇ ਆਪਣੇ ਸੱਤ ਭਰਾਵਾਂ ਦੀ ਮਦਦ ਆਪ਼ਣੇ ਪਿਤਾ ਦੀਆਂ ਭੇਡਾਂ ਬੱਕਰੀਆਂ ਚਰਾ ਕੇ ਕੀਤੀ।



1

ਭਾਵੇਂ ਉਹ ਛੋਟਾ ਸੀ, ਪਰ ਦਾਊਦ ਤਗੜਾ,ਬਹਾਦਰ ਲੜਕਾ ਜਿਹੜਾ ਪਰਮੇਸ਼ਵਰ ਨੂੰ ਪਿਆਰ ਕਰਦਾ ਅਤੇ ਉਸ ਉੱਤੇ ਭਰੋਸਾ ਕਰਦਾ ਸੀ। ਉਹ ਬੈਤਲਹਮ ਨਾ ਦੇ ਨਗਰ ਵਿੱਚ ਰਹਿੰਦਾ ਸੀ।



2


ਇੱਕ ਵਾਰ ਇੱਕ ਸ਼ੇਰ ਨੇ ਇੱਜ਼ੜ ਤੇ ਹਮਲਾ ਕਰ ਦਿੱਤਾ ਕੇ
ਉਹ ਆਪਣੇ ਭੋਜਨ ਲਈ ਇੱਕ ਛੋਟੀ ਭੇਡ ਦਬੋਚ ਲਵੇ।
ਜਵਾਨ ਦਾਊਦ ਨੇ ਹਮਲਾ ਕਰਨ ਵਾਲੇ ਤੇ
ਹਮਲਾ ਕੀਤਾ। ਛੋਟੀ ਭੇਡ ਨੂੰ ਪਾਸੇ ਖਿੱਚ
ਕੇ, ਉਸਨੇ ਉਸ ਭੜਕੇ ਹੋਏ ਜਾਨਵਰ
ਨੂੰ ਉਸਦੀ ਦਾੜ੍ਹੀ ਤੋਂ ਫੜਿਆ ਅਤੇ
ਮਾਰ ਦਿੱਤਾ। ਦਾਊਦ ਜਾਣਦਾ ਸੀ ਕੇ
ਪਰਮੇਸ਼ਵਰ ਨੇ ਉਸਦੀ ਮਦਦ ਕੀਤੀ ਹੈ।
3


ਸੈਮੂਏਲ, ਪਰਮੇਸ਼ਵਰ ਦਾ ਨਬੀ, ਅਜੇ
ਵੀ ਉਦਾਸ ਸੀ ਕੀ ਬਾਦਸ਼ਾਹ ਸ਼ਾਊਲ
ਨੇ ਪਰਮੇਸ਼ਵਰ ਨੂੰ ਬੁਰੀ ਤ੍ਰਾਂ ਅਸਫ਼ਲ
ਕਰ ਦਿੱਤਾ ਸੀ। "ਤੂੰ ਕਿੰਨੀ ਦੇਰ
ਸ਼ਾਊਲ ਲਈ ਅਫ਼ਸੋਸ ਕਰੇਂਗਾ?"
4


ਪਰਮੇਸ਼ਵਰ ਨੇ ਸੈਮੂਏਲ ਉੱਤੇ
ਗੁੱਸਾ ਕੀਤਾ। "ਮੈਂ ਤੈਨੂੰ ਜੱਸੀ
ਕੋਲ ਭੇਜ ਰਿਹਾ ਹਾਂ ... ਕੀ ਮੈਂ
ਉਸਦੇ ਪੁੱਤਰਾਂ ਵਿੱਚੋਂ ਇੱਕ
ਬਾਦਸ਼ਾਹ ਚੁਣਿਆ ਹੈ," ਜੱਸੀ
ਦਾਊਦ ਦਾ ਪਿਤਾ ਸੀ।
5


ਇੱਥੋਂ ਤੱਕ ਸੈਮੂਏਲ ਜਾਣਦਾ ਸੀ
ਕੇ ਬਾਦਸ਼ਾਹ ਸ਼ਾਊਲ ਉਸ ਨੂੰ ਹੋਰ
ਬਾਦਸ਼ਾਹ ਲੱਭਣ ਜਾਣ ਤੇ ਮਾਰ
ਦੇਵੇਗਾ, ਪਰ ਨਬੀ ਨੇ ਪਰਮੇਸ਼ਵਰ
ਦੀ ਆਗਿਆ ਮੰਨੀ।
6


ਜਦ ਸੈਮੂਏਲ ਪਹੁੰਚਿਆ, ਜੱਸੀ ਨੇ
ਆਪਣੇ ਸੱਤਾਂ ਪੁੱਤਰਾਂ ਨੂੰ ਉਸਦੇ
ਸਾਹਮਣੇ ਲਿਆਂਦਾ। ਅਤੇ ਸੈਮੂਏਲ
ਨੇ ਜੱਸੀ ਨੂੰ ਕਿਹਾ, "ਪਰਮੇਸ਼ਵਰ
ਨੇ ਇਹਨਾਂ ਨੂੰ ਨਹੀ ਚੁਣਿਆ।"
ਹੁਣ ਸਿਰਫ਼ ਸਭ ਤੋਂ ਛੋਟਾ ਦਾਊਦ
ਹੀ ਰਹਿ ਗਿਆ ਸੀ। ਉਹ ਭੇਡਾਂ
ਦੇ ਨਾਲ ਬਾਹਰ ਸੀ। ਉਹ ਦਾਊਦ
ਨੂੰ ਅੰਦਰ ਲਿਆਏ। ਅਤੇ
ਪਰਮੇਸ਼ਵਰ ਨੇ ਆਖਿਆ,
"ਖੜ੍ਹਾ ਹੋ, ਇਸਦਾ ਅਭਿਸ਼ੇਕ
ਕਰ; ਇਹੀ ਇੱਕ ਹੈ।"
7


ਸ਼ਾਊਲ ਦੇ ਮਹਿਲ ਵਿੱਚੋਂ, ਪਰਮੇਸ਼ਵਰ ਦਾ ਆਤਮਾਂ ਸ਼ਾਊਲ ਤੋਂ ਅਲੱਗ
ਹੋ ਗਿਆ ਸੀ ਅਤੇ ਉਹ ਬਹੁਤ ਹੀ ਪਰੇਸ਼ਾਨ ਮਨੁੱਖ ਬਣ ਗਿਆ। ਉਸਦੇ
ਦਾਸਾਂ ਨੇ ਸੋਚਿਆ ਸ਼ਾਇਦ ਅੱਛਾ
ਸੰਗੀਤ ਸ਼ਾਊਲ ਦੇ ਦਿਮਾਗ ਨੂੰ ਸ਼ਾਤ
ਕਰ ਸਕੇ। ਉਹਨਾਂ ਵਿੱਚੋਂ ਇੱਕ
ਉਸ ਜਵਾਨ ਮਨੁੱਖ ਨੂੰ ਜਾਣਦਾ
ਸੀ ਜਿਹੜਾ ਅੱਛੀ ਵੀਣਾ
ਵਜਾਉਂਦਾ ਸੀ। ਕੀ ਤੁਸੀ
ਅੰਦਾਜਾ ਲਗਾ ਸਕਦੇ
ਹੋ ਕੇ ਉਹ ਜਵਾਨ
ਮਨੁੱਖ ਕੌਣ ਸੀ?
ਜੀਹਾਂ, ਦਾਊਦ।
8

ਦਾਊਦ ਦੀ ਵੀਣਾ ਨੇ ਸ਼ਾਊਲ ਨੂੰ ਸ਼ਾਤ ਕੀਤਾ ਅਤੇ ਉਸ ਨੂੰ ਸਹੀ ਸੋਚਣ ਵਿੱਚ ਸਹਾਇਤਾ ਕੀਤੀ। ਸ਼ਾਊਲ ਨੇ ਜੱਸੀ ਨੂੰ ਕਿਹਾ ਕੀ ਦਾਊਦ ਨੂੰ ਬਾਦਸ਼ਾਹ ਦੀ ਸੇਵਾ ਵਿੱਚ ਰਹਿਣ ਦੇ। ਜਦ ਜਦ ਸ਼ਾਊਲ ਨੂੰ ਡਰ ਲੱਗਦਾ ਜਾਂ ਉਦਾਸੀਨਤਾ ਦਾ ਆਤਮਾਂ ਸਤਾਉਂਦਾ, ਦਾਊਦ ਉਸਦੇ ਲਈ ਵੀਣਾ ਵਜਾਉਂਦਾ ਸੀ। ਇਹ ਮਦਦਗਾਰ ਸੀ।



9

ਦਾਊਦ ਦੇ ਘਰ ਜਾਣ ਤੋਂ ਬਾਅਦ, ਸ਼ਾਊਲ ਨੇ ਇੱਕ ਵੱਡੀ ਲ਼ੜਾਈ ਫ਼ਲਿਸਤੀਆਂ ਨਾਲ ਲੜੀ। ਦਾਊਦ ਦੇ ਭਰਾ ਸ਼ਾਊਲ ਦੀ ਸੈਨਾਂ ਵਿੱਚ ਲੜੇ। ਜੱਸੀ ਨੇ ਦਾਊਦ ਨੂੰ ਉਸਦੇ ਭਰਾਵਾਂ ਕੋਲ ਲੜਾਈ ਵਿੱਚ ਭੋਜਨ ਲੈਕੇ ਘੱਲਿਆ ਅਤੇ ਜਾਨਣ ਲਈ ਕੀ ਉਹ ਕਿਸ ਤ੍ਰਾਂ ਹਨ।



10

ਇੱਕ ਵੱਡੇ ਫ਼ਲਿਸਤੀਂ ਦਾਨਵ ਗ਼ੋਲੀਅਤ ਨੇ ਸਾਰੇ ਇਸਰਾਇਲੀ ਸਿਪਾਹੀਆਂ ਨੂੰ ਡਰਾ ਦਿੱਤਾ।



11

"ਆਪਣੇ ਵਿੱਚੋਂ ਮਨੁੱਖ ਚੁਣ ਲਵੋ,ਅਤੇ ਉਸ ਨੂੰ ਮੇਰੇ ਕੋਲ ਥੱਲੇ ਆਉਣ ਦਿਉ!" ਗ਼ੋਲੀਅਤ ਚਿਲਾਇਆ। "ਜੇਕਰ ਉਹ ਮੇਰੇ ਨਾਲ ਲੜ ਸਕੇ ਅਤੇ ਮੈਨੂੰ ਮਾਰ ਦਵੇ, ਤਦ ਅਸੀਂ ਤੁਹਾਡੇ ਦਾਸ ਹੋਵਾਂਗੇ। ਪਰ ਜੇਕਰ ਮੈਂ ਉਸ ਨੂੰ ਮਾਰ ਦਿੱਤਾ, ਤਦ ਤੁਸੀਂ ਸਾਡੇ ਦਾਸ ਹੋਵੋਂਗੇ ਅਤੇ ਸਾਡੀ ਸੇਵਾ ਕਰੋਂਗੇ।"



12

ਇਸਰਾਏਲ ਦੇ ਸਾਰੇ ਮਨੁੱਖਾਂ ਨੇ ਜਦ ਉਸ ਦਾਨਵ ਨੂੰ ਵੇਖਿਆ, ਉਸ ਤੋਂ ਭੱਜ ਗਏ ਅਤੇ ਭਿਆਨਕ ਤਰੀਕੇ ਨਾਲ ਡਰ ਗਏ।



13

ਤਦ ਦਾਊਦ ਨੇ ਸ਼ਾਊਲ ਨੂੰ ਆਖਿਆ, "ਮਨੁੱਖਾਂ ਦੇ ਦਿਲ ਉਸ ਦੇ ਕਾਰਨ ਘਬਰਾਉਣੇ ਨਹੀ ਚਾਹੀਦੇ; ਤੇਰਾ ਦਾਸ ਜਾਵੇਗਾ ਅਤੇ ਇਸ ਫ਼ਲਿਸਤੀ ਨਾਲ ਲੜੇਗਾ।" ਸ਼ਾਊਲ ਚਾਹੁੰਦਾ ਸੀ ਕੀ ਦਾਊਦ ਸ਼ਸਤਰ ਵਸਤਰ ਪਾਵੇ ਅਤੇ ਤਲਵਾਰ ਲਵੇ। ਉਸਦੀ ਜੁਗਾ ਦਾਊਦ ਨੇ ਆਪਣਾ ਗ਼ੋਫਨ ਲਿਆ ਅਤੇ ਪੰਜ ਚਿਕਨੇ ਪੱਥਰ ਕਿਦਰੋਨ ਵਿੱਚੋਂ ਲਏ।



14


ਗ਼ੋਲੀਅਤ ਹੱਸਿਆ ਜਦ ਉਸਨੇ ਵੇਖਿਆ ਕੇ ਉਸ ਜਵਾਨ ਦਾਊਦ ਨੇ ਤਾਂ ਸ਼ਸਤਰ ਬਸਤਰ ਵੀ ਨਹੀ ਪਹਿਨੇ ਹਨ। “ਮੈਂ ਤੇਰੇ ਮਾਸ ਨੂੰ ਆਕਾਸ਼ ਦੇ ਪੰਛੀਆਂ ਅਤੇ ਜੰਗਲੀ ਜਾਨਵਰਾਂ ਨੂੰ ਦੇਵਾਂਗਾ!” ਉਹ ਗਰਜਿਆ। “ਮੈਂ ਤੇਰੇ ਕੋਲ ਪ੍ਰਭੂ ਦੇ ਵਿੱਚ ਆਉਂਦਾ ਹਾਂ!” ਦਾਊਦ ਨੇ ਉੱਤਰ ਦਿੱਤਾ। “ਅੱਜ ਦੇ ਦਿਨ ਪ੍ਰਭੂ ਤੈਨੂੰ ਮੇਰੇ ਹੱਥੀ ਦੇਵੇਗਾ ... ਕਿਉਂ ਜੋ ਲ਼ੜਾਈ ਪ੍ਰਭੂ ਦੀ ਹੈ!”
15
ਤਦ ਦਾਊਦ ਗੋ.ਲੀਅਤ ਵੱਲ ਨੂੰ ਸਿੱਧਾ ਭੱਜਿਆ। ਜਿਵੇਂ ਹੀ ਉਹ ਭੱਜਿਆ, ਉਸਨੇ ਇੱਕ ਪੱਥਰ ਆਪਣੇ ਗ਼ੋਫਨ ਨਾਲ ਸਿੱਧਾ ਗ਼ੋਲੀਅਤ ਦੇ ਮੱਥੇ ਵਿੱਚ ਮਾਰਿਆ। ਗ਼ੋਲੀਅਤ ਡਿੱਗ ਪਿਆ!
16
ਦਾਊਦ ਨੇ ਛੇਤੀ ਨਾਲ ਗੋ.ਲੀਅਤ ਦੀ ਤਲਵਾਰ ਕੱਢੀ ਅਤੇ ਉਸ ਦਾ ਸਿਰ ਵੱਢ ਦਿੱਤਾ। ਜਦ ਫ਼ਲਿਸਤੀਆਂ ਨੇ ਵੇਖਿਆ ਗੋ.ਲੀਅਤ ਮਰ ਗਿਆ, ਉਹ ਆਪਣੀ ਜਾਣ ਬਚਾਉਣ ਲਈ ਭੱਜੇ।
17
ਬਾਦਸ਼ਾਹ ਸ਼ਾਊਲ ਨੇ ਯਾਦ ਨਾ ਰੱਖਿਆ ਕੀ ਇਹ ਉਹੀ ਦਾਊਦ ਹੈ ਜਿਸ ਨੇ ਵੀਣਾ ਵਜਾ ਕੇ ਉਸ ਨੂੰ ਸ਼ਾਤ ਕੀਤਾ ਸੀ। ਉਸ ਨੇ ਦਾਊਦ ਨੂੰ ਆਪਣੀ ਸੈਨਾ ਦਾ ਮੁਖੀਆ ਬਣਾ ਦਿੱਤਾ – ਅਤੇ ਜਦ ਲੋਕਾਂ ਨੇ ਦਾਊਦ ਦੀਆਂ ਜਿੱਤਾਂ ਦਾ ਸਨਮਾਨ ਕੀਤਾ ਤਦ ਜਲਣ ਮਹਿਸੂਸ ਕੀਤੀ।
18
“ਹੁਣ ਰਾਜ ਤੋਂ ਜਿਆਦਾ ਉਸ ਨੂੰ ਕੀ ਚਾਹੀਦਾ ਹੈ?” ਸ਼ਾਊਲ ਨੇ ਸੋਚਿਆ। ਤਾਂ ਸ਼ਾਊਲ ਦੀਆ ਅੱਖਾਂ ਦਾਊਦ ਤੋਂ ਉਸ ਦਿਨ ਬਾਅਦ ਫਿਰ ਗਈਆਂ।
19
ਇੱਕ ਵਾਰ ਫਿਰ ਬਾਦਸ਼ਾਹ ਦਾਊਦ ਦਾ ਦਿਮਾਗ ਪਰੇਸ਼ਾਨ ਹੋਇਆ। ਤਾਂ ਦਾਊਦ ਨੇ ਵੀਣਾ ਵਜਾ ਕੇ ਉਸ ਨੂੰ ਸ਼ਾਤ ਕਰਨ ਦੀ ਕੋਸ਼ੀਸ਼ ਕੀਤੀ। ਸ਼ਾਊਲ ਨੇ ਆਪਣਾ ਭਾਲਾ ਤਿੰਨ ਵਾਰ ਦਾਊਦ ਤੇ ਸੁੱਟਿਆ।
20

ਪਰ ਦਾਊਦ ਹਰ ਵਾਰ ਬਚ ਗਿਆ। ਸ਼ਾਊਲ ਦਾਊਦ ਤੋਂ ਬਰ ਗਿਆ ਸੀ, ਕਿਉਂਕਿ ਉਹ ਜਾਣ ਗਿਆ ਸੀ ਕੀ ਪਰਮੇਸ਼ਵਰ ਉਸਦੇ ਨਾਲ ਹੈ, ਪਰ ਸ਼ਾਊਲ ਤੋਂ ਅਲੱਗ ਹੋ ਗਿਆ ਹੈ।



21

ਪਰ ਜੋਨਾਥਨ, ਸ਼ਾਊਲ ਦਾ ਪੁੱਤਰ, ਦਾਊਦ ਨੂੰ ਭਰਾ ਦੇ ਵਾਗੂੰ ਪਿਆਰ ਕਰਦਾ ਸੀ। “ਮੇਰਾ ਪਿਤਾ ਸ਼ਾਊਲ ਤੈਨੂੰ ਮਾਰਨ ਦੀ ਖੋਜ ਵਿੱਚ ਹੈ,” ਉਸਨੇ ਦਾਊਦ ਨੂੰ ਚੇਤਾਵਨੀ ਦਿੱਤੀ। ਤਾਂ ਦਾਊਦ ਬਚ ਗਿਆ। ਉਸਦੀ ਪਤਨੀ ਨੇ ਉਸ ਦੀ ਜ੍ਹਗਾ ਤੇ ਪੁਤਲਾ ਲਿਟਾ ਦਿੱਤਾ, ਅਤੇ ਦਾਊਦ ਨੂੰ ਅੱਧੀ ਰਾਤ ਦੇ ਵੇਲੇ ਖ਼ਿੜਕੀ ਵਿੱਚੋਂ ਉਤਾਰ ਦਿੱਤਾ। ਜਦ ਦਾਊਦ ਦੇ ਆਦਮੀ ਸਵੇਰ ਦੇ ਵੇਲੇ ਆਏ, ਦਾਊਦ ਚਲਾ ਗਿਆ ਸੀ।



22

ਦਾਊਦ ਨੇ ਸ਼ਾਊਲ ਕੋਲੋਂ ਬਹੁਤ ਦੂਰ ਭੱਜਣਾ ਸੀ। ਉਹ ਜਾਣ ਤੋਂ ਪਹਿਲਾਂ, ਉਸਨੇ ਅਤੇ ਜੋਨਾਥਨ ਨੇ ਇਕੱਠੇ ਵਾਚਾ ਬੰਨੀ। ਉਹਨਾਂ ਨੇ ਵਾਇਦਾ ਕੀਤਾ ਕੀ ਉਹ ਹਮੇਸ਼ਾਂ ਇੱਕ ਦੂਸਰੇ ਦੀ ਸਹਾਇਤਾ ਕਰਨਗੇ।



23

ਦੁੱਖ਼ ਨਾਲ, ਦੋਨਾਂ ਦੋਸਤਾਂ ਨੇ ਅਲਵਿਦਾ ਆਖਿਆ। ਦਾਊਦ ਜ੍ਹਗਾ ਲੱਭਣ ਨੂੰ ਗਿਆ ਜਿੱਥੇ ਸ਼ਾਊਲ ਦੇ ਸਿਪਾਹੀ ਉਸ ਨੂੰ ਨਾ ਲੱਭ ਸਕਣ ਅਤੇ ਉਹ ਬਿਨਾਂ ਡਰ ਦੇ ਰਹਿ ਸਕੇ।



24

ਅਯਾਲੀ ਲੜਕਾ ਦਾਊਦ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

1 ਸੈਮੂਏਲ 16-20

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ ਜਿਸ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਮਜ਼ਦੂਰੀ ਮੌਤ ਹੈ।

ਪਰਮੇਸ਼ਵਰ ਨੇ ਸਾਨੂੰ ਇਹੋ ਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਪੁੱਤਰ ਭੇਜ਼ ਦਿੱਤਾ ਕਿ ਯਿਸੂ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡਾ ਜੁਰਮਾਨਾਂ ਭਰੇ।ਯਿਸੂ ਮਸੀਹ ਜਿੰਦਾ ਹੋਏ ਅਤੇ ਵਾਪਿਸ ਸਵਰਗ ਨੂੰ ਚਲੇ ਗਏ।ਹੁਣ ਪਰਮੇਸ਼ਵਰ ਸਾਡੇ ਗੁਨਾਹਾ ਨੂੰ ਮੁਆਫ਼ ਕਰ ਸਕਦਾ ਹੈ।

ਜ਼ੇਕਰ ਤੁਸੀ ਆਪਣੇ ਪਾਪਾਂ ਤੋ ਮੁੜਨਾ ਚਾਹੁੰਦੇ ਹੋ ਤਾਂ ਪਰਮੇਸ਼ਵਰ ਨੂੰ ਆਖੋ : ਪਿਆਰੇ ਪਰਮੇਸ਼ਵਰ ਮੈ ਵਿਸ਼ਵਾਸ਼ ਕਰਦਾਂ ਹਾਂ ਕਿ ਯਿਸੂ ਮੇਰੇ ਲਈ ਮਰਿਆਂ ਅਤੇ ਹੁਣ ਜਿੰਦਾਂ ਹੈ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਗੁਨਾਹਾਂ ਨੂੰ ਮੁਆਫ਼ ਕਰੋ। ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ ਅਤੇ ਤੁਹਾਡੇ ਨਾਲ ਹਮੇਸ਼ਾਂ ਲਈ ਰਹਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੇ ਲਈ ਜੀਵਾਂ ਤੁਹਾਡਾ ਬੱਚਾਂ ਬਣ ਕੇ,
ਆਮੀਨ। ਯਹੂੰਨਾ ਦੀ ਇੰਜ਼ੀਲ 3:16

ਬਾਈਬਲ ਨੂੰ ਪੜੋ ਅਤੇ ਪਰਮੇਸ਼ਵਰ ਨਾਲ ਹਰ ਰੋਜ਼ ਗੱਲ ਬਾਤ ਕਰੋ।